# ਮਹਿਕ ਵਤਨ ਦੀ ਐਵਾਰਡ ਨਾਲ ਸਨਮਾਨਿਤ ਢਾਡੀ ਜੱਥਾ ਭਾਈ ਬਲਜਿੰਦਰ ਸਿੰਘ ਬਗੀਚਾ ਭਾਈ ਰੂਪੇ ਵਾਲੇ




ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਪ੍ਰਵਾਨਿਤ ਅਤੇ ਸਨਮਾਨਿਤ ਢਾਡੀ ਜੱਥਿਆਂ ਦੇ ਅਜੋਕੇ ਯੁੱਗ ਦੇ ਇਤਿਹਾਸ ਵਿਚ ਇਕ ਨਾਂਅ ਉਭਰ ਕੇ ਸਾਹਮਣੇ ਆਇਆ ਹੈ ਭਾਈ ਬਲਜਿੰਦਰ ਸਿੰਘ ਬਗੀਚਾ ਭਾਈ ਰੂਪੇ ਵਾਲੇ। ਯਾਦ ਰਹੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਨਿੰਨ ਸੇਵਕ ਭਾਈ ਰੂਪ ਚੰਦ ਦੀ ਫੁਲਵਾੜੀ ਵਿਚ ਜ਼ਿਲ੍ਹਾ ਬਠਿੰਡਾ ਦੇ ਇਤਿਹਾਸਕ ਨਗਰ ਭਾਈ ਰੂਪਾ ਵਿਖੇ ਪਿਤਾ ਜਗਰੂਪ ਸਿੰਘ ਰਾਗੀ ਅਤੇ ਮਾਤਾ ਜੰਗੀਰ ਕੌਰ ਦੇ ਘਰ 19 ਮਈ 1966 ਨੂੰ ਭਾਈ ਬਲਜਿੰਦਰ ਸਿੰਘ ਬਗੀਚਾ ਦਾ ਜਨਮ ਹੋਇਆ। ਘਰ ਵਿਚ ਚਮਕੌਰ ਸਿੰਘ, ਮੋਹਣ ਸਿੰਘ, ਭੈਣ ਕੁਲਦੀਪ ਕੌਰ, ਵੀਰਪਾਲ ਕੌਰ, ਸਰਬਜੀਤ ਕੌਰ ਅਤੇ ਜਸਵੀਰ ਕੌਰ ਤੋਂ ਸਭ ਤੋਂ ਵੱਡੇ ਵੀਰ ਬਲਜਿੰਦਰ ਸਿੰਘ ਨੇ ਦੁਨਿਆਵੀ ਵਿੱਦਿਆ ਬੀ.ਏ. ਤੱਕ ਪ੍ਰਾਪਤ ਕੀਤੀ ਅਤੇ ਨਾਲ-ਨਾਲ ਆਪਣੇ ਪਿਤਾ ਜੀ ਨਾਲ ਗੁਰਬਾਣੀ ਪਾਠ ਅਤੇ ਕੀਰਤਨ ਦੀ ਸੇਵਾ ਨਿਭਾਉਣ ਲੱਗ ਪਏ। ਇਨ੍ਹਾਂ ਦੇ ਪਿਤਾ ਜੀ ਕੀਰਤਨ ਦੇ ਨਾਲ ਧਾਰਮਿਕ ਸਟੇਜ਼ਾਂ ਤੇ ਧਾਰਮਿਕ ਪ੍ਰਸੰਗ ਵੀ ਗਾਉਂਦੇ ਸਨ ਏਸੇ ਕਰਕੇ ਬਲਜਿੰਦਰ ਸਿੰਘ ਨੂੰ ਵੀ ਢਾਡੀ ਚੇਟਕ ਲੱਗ ਗਈ। ਏਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਅਸਲੀ ਸੱਭਿਆਚਾਰ ਨਾਲ ਇਨ੍ਹਾਂ ਦਾ ਖ਼ੂਨੀ ਰਿਸ਼ਤਾ ਹੈ ਕਿਉਂਕਿ ਇਨ੍ਹਾਂ ਦੇ ਦਾਦਾ ਜੀ ਭਾਈ ਦਸੌਂਦਾ ਸਿੰਘ ਆਪਣੇ ਸਮੇਂ ਦੇ ਪ੍ਰਸਿੱਧ ਕੀਰਤਨੀਏ ਸਨ। ਵਿਸ਼ਵ ਪ੍ਰਸਿੱਧ ਢਾਡੀ ਮਾਸਟਰ ਗੁਰਬਖ਼ਸ਼ ਅਲਬੇਲਾ ਜੀ ਨੂੰ ਉਸਤਾਦ ਮੰਨ ਕੇ ਭਾਈ ਬਲਜਿੰਦਰ ਸਿੰਘ ਬਗੀਚਾ ਜੀ ਢਾਡੀ ਕਲਾਂ ਦੇ ਰਸਤੇ ਦੀ ਮੰਜ਼ਿਲ ਵਧਦਾ ਹੋਇਆ ਇਤਿਹਾਸਕ ਬਾਰੀਕੀਆਂ ਦਾ ਵੀ ਖੋਜੀ ਹੈ ਅਤੇ ਨਗਰ ਦੇ ਹਰੇਕ ਧਾਰਮਿਕ ਤੇ ਸਮਾਜਿਕ ਕਾਰਜ ਦਾ ਹਿੱਸਾ ਬਣਦਾ ਹੈ। ਏਸੇ ਕਰਕੇ ਇਲਾਕੇ ਵਿਚ ਕਾਫੀ ਪਿਆਰ ਦੀ ਬਦੌਲਤ ਇਨ੍ਹਾਂ ਨੇ ਮਿਊਜ਼ਿਕ ਦੇ ਨਾਲ-ਨਾਲ ਸੰਨ 1993 ਤੋਂ ਆਪਣਾ ਢਾਡੀ ਜੱਥਾ ਬਣਾਇਆ, ਜਿਸ ਵਿਚ ਸਕੇ ਭਾਈ ਚਮਕੌਰ ਸਿੰਘ, ਤਬਕਾ ਵਾਦਕ ਮੋਹਣ ਸਿੰਘ ਤੋਂ ਇਲਾਵਾ ਸਾਰੰਗੀ ਵਾਦਕ ਦਰਸ਼ਨ ਸਿੰਘ ਪੂਹਲਾ, ਢਾਡੀ ਬਲਵਿੰਦਰ ਸਿੰਘ, ਭਗਤਾ, ਹਰਜਿੰਦਰ ਸਿੰਘ ਹਨੀ, ਸਹਿਜਪਾਲ ਸਿੰਘ ਬੀਹਲਾ, ਗੁਰਪ੍ਰੀਤ ਸਿੰਘ ਛਾਪਾ, ਸਰਬਜੀਤ ਸਿੰਘ ਚੜਿਕ ਆਦਿ ਸਾਥੀਆਂ ਨੇ ਸਮੇਂ-ਸਮੇਂ ਜਥੇ ਦੇ ਸਾਥੀਆਂ ਵਜੋਂ ਸੇਵਾ ਨਿਭਾਈ। ਮੌਜੂਦਾ ਸਮੇਂ ਭਾਈ ਚਮਕੌਰ ਸਿੰਘ ਭਾਈ ਰੂਪਾ, ਮਹਿੰਦਰ ਸਿੰਘ ਸਫਰੀ, ਤਬਲਾ ਵਾਦਕ ਮੋਹਣ ਸਿੰਘ ਅਤੇ ਸਾਰੰਗੀ ਵਾਦਕ ਜਸਵਿੰਦਰ ਸਿੰਘ ਸਰਾਵਾਂ ਪਰਛਾਵੇਂ ਵਾਂਗ ਭਾਈ ਬਗੀਚਾ ਨਾਲ ਸਾਥ ਨਿਭਾਅ ਰਹੇ ਹਨ। ਕੈਸਿਟ ਯੁੱਗ ਵਿਚ ਏਸੇ ਜੱਥੇ ਨੇ 'ਵਿਛੋੜਾ ਕਿਰਨਜੀਤ ਦਾ' ਆਡਿਓ ਕੈਸਿਟ ਤੋਂ ਪੈਰ ਰੱਖਿਆ ਅਤੇ ਫੇਰ ਪਿੱਛੇ ਮੁੜ ਕੇ ਨਹੀਂ ਦੇਖਿਆ। ਸਰਨ ਪਿਆਂ ਦੀ ਲਾਜ, ਵੈਲੀ ਪੁੱਤ ਸਿਆਣੀ ਧੀ, ਜੀਤਾਂ ਪੀ ਲਈਂ ਪਾਣੀ ਵਾਰਕੇ ਆਦਿ ਆਡਿਓ ਵੀਡੀਓ ਸਮੇਂ-ਸਮੇਂ ਸਮਾਜ ਦੀ ਝੋਲੀ ਵਿਚ ਪਾਈਆਂ। ਟੈਲੀਵਿਜ਼ਨ ਦੇ ਵੱਖ-ਵੱਖ ਚੈਨਲਾਂ ਤੇ 'ਪੱਗ ਨਾਲ ਸਿੱਖ ਸਰਦਾਰ ਲੱਗਦਾ', ਸਿਰ ਤੇ ਦੁਪੱਟਾ ਲੈ ਲਾਂ ਭੈਣ ਮੇਰੀਏ ਅਣਖ ਪੰਜਾਬਣਾਂ ਦੀ ਪੱਲੂ ਸਿਰ ਦਾ, ਚਿੱਟਾ ਨੈਂਟ ਤੇ ਸਮੈਕ ਸਾਧਾਂ ਮਸਤਾਂ ਨੇ ਪੱਟ ਸੁੱਟਿਆ ਪੰਜਾਬ ਨੂੰ ਖਾ ਕੇ, ਕੀਹਦੀਆਂ ਗੱਲਾਂ 'ਚ ਆ ਕੇ ਕੇਸ ਕਟਵਾਏ ਕਾਹਤੋਂ ਸਿਰ ਉੱਤੋਂ ਲਾਹੀ ਦਸਤਾਰ ਪੁੱਤਰਾ, ਧੀ ਨਾਂ ਮਾਰਿਉ, ਜੇ ਕੋਈ ਪੰਗਾਂ ਪੈ ਗਿਆ ਤਾਂ ਅੱਤਵਾਦੀ ਕਹਿਣਗੇ, ਢਾਡੀ ਕਵਿਤਾਵਾਂ ਨਾਲ ਨਵਾਂ ਮੀਲ ਪੱਥਰ ਗੱਢਿਆ ਹੈ। ਭਾਈ ਬਲਜਿੰਦਰ ਸਿੰਘ ਬਗੀਚਾ ਦੀਆਂ ਧਾਰਮਿਕ ਤੇ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਸੰਨ 2013 ਵਿਚ ਭਾਸ਼ਾ ਵਿਭਾਗ ਮੈਂਬਰ ਹੋਣ ਦਾ ਮਾਣ ਮਿਲਿਆ ਅਤੇ ਨਗਰ ਦੀਆਂ ਸੇਵਾਵਾਂ ਨੂੰ ਦੇਖਦਿਆਂ ਨਗਰ ਪੰਚਾਇਤ ਭਾਈ ਰੂਪਾ ਦੇ ਮੀਤ ਪ੍ਰਧਾਨ ਬਣ ਕੇ ਮਾਣ ਬਖਸ਼ਿਆ।

ਬਲਜਿੰਦਰ ਸਿੰਘ ਬਗੀਚਾ ਆਪਣੇ ਤੋਂ ਸੀਨੀਅਰ ਅਤੇ ਆਪਣੇ ਤੋਂ ਛੋਟੇ ਢਾਡੀ ਸਿੰਘਾਂ ਦਾ ਦਿਲੋਂ ਸਤਿਕਾਰ ਅਤੇ ਪਿਆਰ ਕਰਦਾ ਹੈ। ਪ੍ਰਸਿੱਧ ਢਾਈ ਦਇਆ ਸਿੰਘ ਦਿਲਬਰ, ਪਾਲ ਸਿੰਘ ਪੰਛੀ, ਤਰਲੋਚਨ ਸਿੰਘ ਭੁਮੱਦੀ, ਬਲਦੇਵ ਸਿੰਘ ਬਿੱਲੂ, ਅਜੈਬ ਸਿੰਘ ਅਣਖੀ, ਸਾਧੂ ਸਿੰਘ ਧੰਮੂ ਧੂੜਕੋਟ, ਜਸਵੰਤ ਸਿੰਘ ਦੀਵਾਨਾਂ, ਯਾਦਵਿੰਦਰ ਸਿੰਘ ਦਿਆਲਪੁਰੀ, ਇੰਦਰਜੀਤ ਸਿੰਘ ਤੀਰ ਆਦਿ ਢਾਡੀ ਪ੍ਰਚਾਰਕਾਂ ਨੂੰ ਦਿਲੋਂ ਪਿਆਰ ਕਰਦਾ ਹੈ ਅਤੇ ਆਪਣੇ ਮਨਪਸੰਦ ਢਾਡੀ ਪ੍ਰਚਾਰਕ ਮੰਨਦਾ ਹੈ। ਜੱਥੇ ਦੇ ਮੂਹਰੇ ਗਾਉਣ ਵਾਲਾ ਢਾਈ ਚਮਕੌਰ ਸਿੰਘ 1995 ਤੋਂ ਹੋਂਦ ਵਿਚ ਆਏ ਗੁਰੂ ਹਰਿਗੋਬਿੰਦ ਕਲੱਬ ਦੇ ਮੁੱਢ ਕਦੀਮੀ ਪ੍ਰਧਾਨ ਦੀ ਸੇਵਾ ਨਿਭਾਅ ਰਹੇ ਹਨ ਅਤੇ ਦੂਸਰੇ ਸਾਥੀ ਮਹਿੰਦਰ ਸਿੰਘ ਸਫਰੀ ਮੌਜੂਦਾ ਪੰਚਾਇਤ ਮੈਂਬਰ ਹਨ। ਤਬਲਾ ਵਾਦਕ ਮੋਹਣ ਸਿੰਘ ਗੁਰੂ ਘਰ ਦੀ ਸੇਵਾ ਵਿਚ ਤੱਤਪਰ ਰਹਿੰਦੇ ਹਨ ਅਤੇ ਸਾਰੰਗੀ ਵਾਦਕ ਜਸਵਿੰਦਰ ਸਿੰਘ ਸਰਾਵਾਂ ਪੰਜਾਬੀ ਸੱਭਿਆਚਾਰ ਨੂੰ ਅਥਾਹ ਪਿਆਰ ਕਰਦੇ ਹਨ। ਬਾਬਾ ਭਾਈ ਰੂਪ ਚੰਦ ਜੀ ਦੇ ਜਨਮ ਦਿਹਾੜੇ ਸੰਬੰਧੀ ਹੋਣ ਵਾਲੇ ਚਾਰ ਰੋਜ਼ਾ ਧਾਰਮਿਕ ਸਮਾਗਮਾਂ ਮੌਕੇ ਹਾਜ਼ਰੀ ਭਰਨ ਵਾਲੇ ਢਾਡੀਆਂ ਕਵੀਸ਼ਰਾਂ ਤੇ ਵਿਦਵਾਨਾਂ ਦੇ ਲੰਗਰ ਦਾ ਪ੍ਰਬੰਧ ਇਨ੍ਹਾਂ ਦੇ ਘਰ ਹੀ ਕੀਤਾ ਜਾਂਦਾ ਹੈ ਇਸ ਮੌਕੇ ਸਾਰੇ ਜੱਥੇ ਦੇ ਮੈਂਬਰ ਦਿਨ ਰਾਤ ਸੇਵਾ ਕਰਦੇ ਨਹੀਂ ਥੱਕਦੇ। ਢਾਡੀ ਬਲਜਿੰਦਰ ਸਿੰਘ ਬਗੀਚਾ ਆਪਣੇ ਜੀਵਨ ਸਾਥੀ ਸਰਦਾਰਨੀ ਪਰਮਜੀਤ ਕੌਰ, ਬੇਟੇ ਗੁਰਅਰਮਾਨਜੀਤ ਸਿੰਘ ਅਤੇ ਬੇਟੀ ਇਸ਼ਰੀਤ ਕੌਰ ਸਮੇਤ ਆਪਣੇ ਪਿਤਾ ਦੀ ਫੁਲਵਾੜੀ ਵਿਚ ਇਕੋ ਘਰ ਵਿਚ ਸਾਰੇ ਭਾਈਆਂ ਦੇ ਪਰਿਵਾਰਾਂ ਸਮੇਤ ਇਕਮੁੱਠ ਰਹਿ ਕੇ ਜੀਵਨ ਅਤੇ ਤਰੱਕੀ ਦੀਆਂ ਪੌੜੀਆਂ ਚੜ੍ਹ ਰਹੇ ਹਨ। ਸਮਾਜਿਕ ਤੇ ਧਾਰਮਿਕ ਬੁਰਾਈਆਂ ਨਾਲ ਸ਼ਬਦੀ ਜੰਗ ਕਰਨ ਵਾਲੇ ਭਾਈ ਬਲਜਿੰਦਰ ਸਿੰਘ ਬਗੀਚਾ ਨੂੰ ਅੰਤਰਰਾਸ਼ਟਰੀ ਮੈਗਜ਼ੀਨ 'ਮਹਿਕ ਵਤਨ ਦੀ' ਵੱਲੋਂ ਸਲਾਨਾ 'ਮਹਿਕ ਵਤਨ ਦੀ 2015 ਐਵਾਰਡ' ਨਾਲ 14 ਮਾਰਚ 2016 ਨੂੰ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਧਾਰਮਿਕ ਸੰਪਾਦਿਕ ਸਾਧੂ ਸਿੰਘ ਧੰਮੂ ਅਤੇ ਸਮੂੰਹ ਸਟਾਫ਼ ਵੱਲੋਂ ਸਨਮਾਨਤ ਕੀਤਾ ਗਿਆ। ਗਿਆਨੀ ਬਲਜਿੰਦਰ ਸਿੰਘ ਦਾ ਨਵੇਂ ਢਾਡੀ ਕਵੀਸ਼ਰਾਂ ਨੂੰ ਸੁਝਾਅ ਹੈ ਕਿ ਬਾਣੀ ਬਾਣੇ ਵਿਚ ਪਰਪੱਕ ਰਹਿ ਕੇ ਮਿਹਨਤ ਲਗਨ ਨਾਲ ਗੁਰੂ ਪਾਤਸ਼ਾਹ ਤੇ ਭਰੋਸਾ ਰੱਖ ਕੇ ਧਰਮ ਤੇ ਸਮਾਜ ਦੀ ਸੇਵਾ ਕਰੋ ਇਕ ਦਿਨ ਮਿਹਨਤ ਰੰਗ ਲਿਆਉਂਦੀ ਹੈ ਅਤੇ ਉਨ੍ਹਾਂ ਦਾ ਕੌਮ ਦੇ ਆਗੂਆਂ ਅਤੇ ਆਗੂ ਜਥੇਬੰਦੀਆਂ ਤੇ ਗਿਲਾ ਹੈ ਕਿ ਢਾਡੀ ਕਵੀਸ਼ਰ ਕਲਾਂ ਨੂੰ ਬਚਾਉਣ ਲਈ ਸਾਨੂੰ ਯੋਗ ਉਪਰਾਲੇ ਕਰਨੇ ਚਾਹੀਦੇ ਹਨ। ਨਹੀਂ ਤਾਂ ਆਉਣ ਵਾਲੀ ਪੀੜ੍ਹੀ ਹਿਸਾਬ ਜ਼ਰੂਰ ਮੰਗੇਗੀ।

2008 ਤੋਂ 2011 ਤੱਕ ਭਿਆਨਕ ਬਿਮਾਰੀ ਨਾਲ ਜੂਝਦੇ ਪਿਤਾ ਜਗਰੂਪ ਸਿੰਘ ਦੇ ਅਕਾਲ ਚਲਾਣੇ ਬਾਅਦ ਘਰ ਦੀਆਂ ਜ਼ੁੰਮੇਵਾਰੀਆਂ ਅਤੇ ਧਾਰਮਿਕ ਸਮਾਜਿਕ ਜ਼ੁੰਮੇਵਾਰੀਆਂ ਦਾ ਬੋਝ ਮੋਢਿਆਂ ਤੇ ਉਠਾਉਣ ਵਾਲੇ ਬਲਜਿੰਦਰ ਸਿੰਘ ਬਗੀਚਾ ਜੱਥੇ ਨੂੰ ਪ੍ਰਮਾਤਮਾਂ ਹਮੇਸ਼ਾ ਤਰੱਕੀਆਂ ਬਖਸ਼ੇ। ਸਾਡੀ ਏਹੋ ਅਰਦਾਸ ਹੈ।

**ਵੱਲੋਂ ਧਾਰਮਿਕ ਸੰਪਾਦਕ**
**ਸਾਧੂ ਸਿੰਘ ਧੰਮੂ ਧੂੜ ਕੋਟ ਵਾਲੇ**
**ਸੇਖਾਂ ਰੋਡ ਸਮਾਲਸਰ (ਮੋਗਾ)**
**ਮੋ. 98143-71922**

**www.mehakwatandilive.com**

**ਧਾਰਮਿਕ ਪ੍ਰੋਗਰਾਮ, ਖੇਡ ਮੇਲੇ ਅਤੇ ਸਾਹਿਤਕ ਸਮਾਗਮਾ ਦਾ "ਮਹਿਕ ਵਤਨ ਦੀ ਲਾਈਵ" ਵੈਬ ਟੀ.ਵੀ. ਤੇ ਲਾਈਵ ਟੈਲੀਕਾਸਟ ਕਰਵਾਉਣ ਲਈ ਸੰਪਰਕ ਕਰੋ:**




**Help Line: 9988 92 9988**

# ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸਰਪ੍ਰਸਤੀ ਹੇਠ ਕੇਰ ਵਾਲੀ ਖੂਹੀ ਕੜਿਆਲ ਵਿਖੇ ਮੂਰਤੀ ਅਜਾਇਬ ਘਰ ਦੀ ਸ਼ੁਰੂਆਤ



**ਗੁਰਦੁਆਰਾ ਸਾਹਿਬ ਕੇਰ ਵਾਲੀ ਖੂਹੀ ਕੜਿਆਲ ਵਿਖੇ ਸਿੱਖ ਅਜਾਇਬ ਘਰ ਦੀ ਕਾਰ ਸੇਵਾ ਦੀ ਆਰੰਭਤਾ ਕਰਵਾਉਂਦੇ ਹੋਏ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਅਤੇ ਹਾਜ਼ਰ ਸੇਵਾਦਾਰ।**

**ਮੋਗਾ / ਭਵਨਦੀਪ ਸਿੰਘ ਪੁਰਬਾ** – ਸੱਚਖੰਡ ਵਾਸੀ ਸੰਤ ਬਾਬਾ ਪਾਲਾ ਸਿੰਘ ਜੀ ਦੇ ਤਪ ਅਸਥਾਨ ਗੁਰਦੁਆਰਾ ਸਾਹਿਬ ਕੇਰ ਵਾਲੀ ਖੂਹੀ ਕੜਿਆਲ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸਰਪ੍ਰਸਤੀ ਹੇਠ ਸਿੱਖ ਸ਼ਹਾਦਤਾਂ ਨੂੰ ਦਰਸਾਉਂਦੇ ਮੂਰਤੀ ਅਜਾਇਬ ਘਰ ਦੀ ਸ਼ੁਰੂਆਤ ਹੋ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆ ਸੇਵਾਦਾਰ ਗੁਰਜੀਤ ਸਿੰਘ ਨੇ ਦੱਸਿਆ ਕਿ ਸੱਚਖੰਡ ਵਾਸੀ ਸੰਤ ਬਾਬਾ ਪਾਲਾ ਸਿੰਘ ਜੀ ਦੇ ਤਪ ਅਸਥਾਨ ਗੁਰਦੁਆਰਾ ਸਾਹਿਬ ਕੇਰ ਵਾਲੀ ਖੂਹੀ ਕੜਿਆਲ ਵਿਖੇ ਬੱਚਿਆਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਸਿੱਖ ਸ਼ਹਾਦਤਾਂ ਨੂੰ ਦਰਸਾਉਂਦੇ ਮੂਰਤੀ ਅਜਾਇਬ ਘਰ ਇਸ ਅਸਥਾਨ ਸਥਾਪਤ ਕੀਤਾ ਜਾ ਰਿਹਾ ਹੈ, ਜਿਸ ਦੀ ਸ਼ੁਰੂਆਤ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤੀ ਗਈ ਹੈ। ਇਹ ਮੂਰਤੀਆਂ ਆਰਟਿਸਟ ਜਸਵੀਰ ਸਿੰਘ ਪੁੜੈਣ ਵੱਲੋਂ ਤਿਆਰ ਕੀਤੀਆਂ ਜਾ ਰਹੀਆਂ ਹਨ।

ਇਸ ਅਜਾਇਬ ਘਰ ਦੀ ਸ਼ੁਰੂਆਤ ਮੌਕੇ ਹੈਪੀ ਬਰਾੜ, ਰਵਿੰਦਰ ਸਿੰਘ, ਸੋਨੂੰ ਕੜਿਆਲ, ਬਲਜਿੰਦਰ ਸਿੰਘ ਬਾਸੀ, ਰਾਜਾ ਮੱਲੀ, ਪ੍ਰਭਜੋਤ ਸਿੰਘ, ਗੁਰਪ੍ਰੀਤ ਸਿੰਘ, ਹਰਮੀਤ ਸਿੰਘ, ਸ਼ੇਰ ਸਿੰਘ, ਸੁਖਦਿਆਲ ਸਿੰਘ, ਨੰਬਰਦਾਰ ਜਸਮੇਲ ਸਿੰਘ, ਮਿਸਤਰੀ ਨਰੈਣ ਸਿੰਘ, ਰਮਨ ਸਿੰਘ, ਗੋਰਾ ਸਿੰਘ ਕੜਿਆਲ, ਗੁਰਜਿੰਦਰ ਸਿੰਘ, ਜੱਜ ਸਿੰਘ, ਤਰਲੋਕ ਸਿੰਘ, ਦਲੀਪ ਸਿੰਘ, ਗੁਰਪ੍ਰੀਤ ਸਿੰਘ, ਮਨਜਿੰਦਰ ਸਿੰਘ ਧਰਮਕੋਟ, ਪ੍ਰਧਾਨ ਸਿੰਘ, ਸੁਖਦਿਆਲ ਸਿੰਘ, ਸੁਖਵਿੰਦਰ ਸਿੰਘ ਆਦਿ ਮੁੱਖ ਤੌਰ 'ਤੇ ਹਾਜ਼ਰ ਸਨ।

# ਪ੍ਰਸਿੱਧ ਢਾਡੀ ਮਹਿੰਦਰ ਸਿੰਘ ਸਿਵੀਆਂ ਨੂੰ ਸ਼੍ਰੋਮਣੀ ਢਾਡੀ ਪੁਰਸਕਾਰ ਮਿਲਣ ਤੇ ਵਧਾਈਆਂ



**ਸਮਾਲਸਰ (ਸਾਧੂ ਸਿੰਘ ਧੰਮੂ)** - ਆਪਣੀ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ ਢਾਡੀ ਕਲਾ ਦੇ ਲੇਖੇ ਲਾਉਣ ਵਾਲੇ 'ਸੰਦੂਕ 'ਚੋਂ ਬੰਦੂਕ', ਸੈਂਟਰਲ ਜੇਲ, ਕੌਲੀ ਚੱਟ ਸਰਪੰਚ ਨੀ ਬਣਾਉਣੇ ਆਦਿ ਦਰਜਨਾਂ ਆਡਿਓ ਵੀਡੀਓ ਸਮਾਜ ਦੀ ਝੋਲੀ ਪਾ ਕੇ ਪੰਜਾਬੀਆਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਢਾਡੀ ਮਹਿੰਦਰ ਸਿੰਘ ਸਿਵੀਆਂ ਨੂੰ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਢਾਡੀ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਇਹ ਖ਼ਬਰ ਸੁਣਦਿਆਂ ਹੀ ਢਾਡੀ ਕਲਾ ਪ੍ਰੇਮੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਇਸ ਮੌਕੇ ਢਾਡੀ ਸਿਵੀਆਂ ਦੇ ਜੱਥੇ ਨੂੰ ਵਧਾਈਆਂ ਦਿੰਦਿਆਂ ਢਾਡੀ ਕਵੀਸ਼ਰ ਕਲਾ ਬਚਾਓ ਲਹਿਰ ਦੇ ਮੁਖੀ ਅੰਤਰਰਾਸ਼ਟਰੀ ਢਾਡੀ ਸਾਧੂ ਸਿੰਘ ਧੰਮੂ ਧੂੜਕੋਟ ਵਾਲਿਆਂ ਨੇ ਕਿਹਾ ਕਿ ਏਸ ਪੁਰਸਕਾਰ ਨਾਲ ਢਾਡੀ ਕਲਾਂ ਦਾ ਕੱਦ ਹੋਰ ਉੱਚਾ ਹੋਇਆ ਹੈ। ਉਨ੍ਹਾਂ ਕਿਹਾ ਏਸ ਪੁਰਸਕਾਰ ਬਦਲੇ ਢਾਡੀ ਸਿਵੀਆਂ ਦੇ ਸਾਥੀ ਪ੍ਰਸਿੱਧ ਸਾਰੰਗੀ ਵਾਦਕ ਨਛੱਤਰ ਸਿੰਘ ਛੱਤਾ, ਸ਼ੇਰ ਸਿੰਘ ਨਮੋਲ, ਜਸਵਿੰਦਰ ਸਿੰਘ ਆਦਿ ਵਧਾਈ ਦੇ ਪਾਤਰ ਹਨ। ਢਾਡੀ ਕਵੀਸ਼ਰ ਬਚਾਉ ਲਹਿਰ ਦੇ ਮੁੱਖ ਸਲਾਹਕਾਰ ਬਾਬਾ ਗੁਰਦੀਪ ਸਿੰਘ ਖੋਸਾ ਕੋਟਲਾਂ ਨੇ ਕਿਹਾ ਕਿ ਇਹ ਪੁਰਸਕਾਰ ਢਾਡੀ ਮਹਿੰਦਰ ਸਿੰਘ ਸਿਵੀਆਂ ਦੇ ਸਾਰੇ ਜੱਥੇ ਦੀ ਅਣਥੱਕ ਮਿਹਨਤ ਨੂੰ ਰੰਗ ਚੜ੍ਹਿਆ ਹੈ। ਮਾਲਵਾ ਕਵੀਸ਼ਰ ਢਾਡੀ ਸਹਿਤ ਸਭਾ ਦੇ ਕੌਮੀ ਪ੍ਰਧਾਨ ਜਗਜੀਵਨ ਸਿੰਘ ਰੋਡੇ, ਵੀਰਭਾਨ ਸਿੰਘ ਮਾਲਵਾ, ਜੁਗਰਾਜ ਸਿੰਘ ਮੌੜ, ਸੁਖਮੰਦਰ ਸਿੰਘ ਹਮਦਰਦ ਸਾਹੋਕੇ, ਦਰਸ਼ਨ ਸਿੰਘ ਦਲੇਰ, ਅਵਤਾਰ ਸਿੰਘ ਮਾਨ, ਢਾਡੀ ਕਮਲਜੀਤ ਸਿੰਘ ਕੋਮਲ, ਕੁਲਵਿੰਦਰ ਸਿੰਘ ਰਣੀਆ, ਬੀਬੀ ਕੁਲਦੀਪ ਕੌਰ ਦੁੱਗਾਂ, ਬੀਬੀ ਕਰਮਵੀਰ ਕੌਰ ਸਮਾਲਸਰ, ਆਦਿ ਢਾਡੀ ਕਵੀਸ਼ਰਾਂ ਨੇ ਢਾਡੀ ਮਹਿੰਦਰ ਸਿੰਘ ਸਿਵੀਆਂ ਦੇ ਸਾਰੇ ਜੱਥੇ ਨੂੰ ਵਧਾਈਆਂ ਦਿੱਤੀਆਂ।